500 – 1765 West 8th Avenue
Vancouver BC Canada V6J 5C6

Phone 604 736 3621
Toll Free 1 800 663 9169
www.cdsbc.org

CDSBC | College of Dental Surgeons of British Columbia

*ਇਹ ਅਨੁਵਾਦ ਤੁਹਾਨੂੰ ਸੀ ਡੀ ਐੱਸ ਬੀ ਸੀ ਦੇ ਆਦੇਸ਼ ਅਤੇ ਸ਼ਿਕਾਇਤਾਂ ਦੇ ਕਾਰਜ ਬਾਰੇ ਸੰਖੇਪ ਜਾਣਕਾਰੀ ਦੇਣ ਲਈ ਕੀਤਾ ਗਿਆ ਹੈ। ਕਿਰਪਾ ਕਰਕੇ ਇਹ ਗੱਲ ਯਾਦ ਰੱਖੋ ਕਿ ਸੀ ਡੀ ਐੱਸ ਬੀ ਸੀ ਦੇ ਰੋਜ਼ਮਰਾ ਦੇ ਕੰਮ ਅੰਗਰੇਜ਼ੀ ਵਿਚ ਹੁੰਦੇ ਹਨ ਅਤੇ ਕਿਸੇ ਸ਼ਿਕਾਇਤ ਬਾਰੇ ਲਿਖਤੀ ਜਾਣਕਾਰੀ ਤੁਹਾਨੂੰ ਅੰਗਰੇਜ਼ੀ ਵਿਚ ਦਿੱਤੀ ਜਾਵੇਗੀ।*

# ਸੀ ਡੀ ਐੱਸ ਬੀ ਸੀ ਲੋਕਾਂ ਦੀ ਰੱਖਿਆ ਕਿਵੇਂ ਕਰਦਾ ਹੈ?

ਕਾਲਜ ਔਫ ਡੈਂਟਲ ਸਰਜਨਜ਼ ਔਫ ਬ੍ਰਿਟਿਸ਼ ਕੋਲੰਬੀਆ (ਸੀ ਡੀ ਐੱਸ ਬੀ ਸੀ) ਬੀ.ਸੀ. ਵਿਚ ਡੈਂਟਿਸਟਾਂ (ਦੰਦਾਂ ਦੇ ਡਾਕਟਰਾਂ), ਡੈਂਟਲ ਥੈਰੇਪਿਸਟਾਂ ਅਤੇ ਸਰਟੀਫਾਇਡ ਡੈਂਟਲ ਅਸਿਸਟੈਂਟਾਂ (ਸੀ ਡੀ ਏਜ਼) ਨੂੰ ਨਿਯਮਬੱਧ ਕਰਨ ਵਾਲੀ ਸੰਸਥਾ ਹੈ। ਸਾਡਾ ਮੁੱਖ ਕੰਮ ਡੈਂਟਿਸਟਾਂ, ਡੈਂਟਲ ਥੈਰੇਪਿਸਟਾਂ ਅਤੇ ਸੀ ਡੀ ਏਜ਼ (ਸਾਡੇ "ਰਜਿਸਟਰੈਂਟਸ") ਦੇ ਵਰਤਾਉ ਅਤੇ ਸਮਰੱਥਾ `ਤੇ ਨਿਗਰਾਨੀ ਰੱਖ ਕੇ ਲੋਕਾਂ ਦੀ ਰੱਖਿਆ ਕਰਨਾ ਹੈ।

ਸੀ ਡੀ ਐੱਸ ਬੀ ਸੀ ਲੋਕਾਂ ਦੀ ਰੱਖਿਆ ਇਹ ਯਕੀਨੀ ਬਣਾ ਕੇ ਕਰਦਾ ਹੈ ਕਿ ਸਾਡੇ ਰਜਿਸਟਰੈਂਟਸ ਰਜਿਸਟਰ ਹਨ ਅਤੇ ਪ੍ਰੈਕਟਿਸ ਕਰਨ ਲਈ ਯੋਗਤਾ ਪ੍ਰਾਪਤ ਹਨ, ਅਤੇ ਉਹ ਆਪਣੇ ਮਰੀਜ਼ਾਂ ਦੀ ਇਕਸਾਰਤਾ ਨਾਲ ਸੁਰੱਖਿਅਤ ਅਤੇ ਸਹੀ ਸੰਭਾਲ ਕਰ ਰਹੇ ਹਨ। ਤੁਸੀਂ ਸਾਡੇ ਵੈੱਬਸਾਈਟ ਰਜਿਸਟਰੈਂਟ ਲੱਕਅੱਪ `ਤੇ ਇਹ ਚੈੱਕ ਕਰ ਸਕਦੇ ਹੋ ਕਿ ਕੀ ਕੋਈ ਦੰਦਾਂ ਦਾ ਮਾਹਰ ਸਾਡੇ ਨਾਲ ਰਜਿਸਟਰ ਹੈ ਜਾਂ ਨਹੀਂ।

ਸੀ ਡੀ ਐੱਸ ਬੀ ਸੀ ਮਰੀਜ਼ਾਂ ਦੀਆਂ ਸ਼ਿਕਾਇਤਾਂ ਵੀ ਸੁਣਦਾ ਹੈ, ਅਤੇ ਉਦੋਂ ਕਾਰਵਾਈ ਕਰਦਾ ਹੈ ਜਦੋਂ ਕੋਈ ਰਜਿਸਟਰੈਂਟ ਅਯੋਗ, ਅਨੈਤਿਕ, ਗੈਰਕਾਨੂੰਨੀ ਪ੍ਰੈਕਟਿਸ ਕਰਦਾ ਹੈ ਜਾਂ ਸ਼ਰਾਬ, ਨਸ਼ਿਆਂ ਜਾਂ ਕਿਸੇ ਮਾਨਸਿਕ ਬੀਮਾਰੀ ਦੇ ਅਸਰ ਥੱਲੇ ਪ੍ਰੈਕਟਿਸ ਕਰਦਾ ਹੈ।

# ਸ਼ਿਕਾਇਤ ਕਰਨ ਬਾਰੇ ਆਮ ਜਾਣਕਾਰੀ

ਤੁਹਾਨੂੰ ਇਲਾਜ ਦੇ ਪ੍ਰੋਫੈਸ਼ਨਲ ਮਿਆਰ ਦੀ ਉਮੀਦ ਰੱਖਣ ਦਾ ਹੱਕ ਹੈ। ਜੇ ਤੁਸੀਂ ਹੋਏ ਇਲਾਜ ਤੋਂ ਅਸੰਤੁਸ਼ਟ ਹੋਵੋ ਜਾਂ ਤੁਹਾਡੇ ਇਸ ਨਾਲ ਸੰਬੰਧਿਤ ਫਿਕਰ ਹੋਣ ਤਾਂ ਤੁਹਾਨੂੰ ਰਸਮੀ ਸ਼ਿਕਾਇਤ ਕਰਨ ਤੋਂ ਪਹਿਲਾਂ ਆਪਣੇ ਡੈਂਟਿਸਟ (ਦੰਦਾਂ ਦੇ ਡਾਕਟਰ), ਡੈਂਟਲ ਥੈਰੇਪਿਸਟ, ਜਾਂ ਸੀ ਡੀ ਏ ਨਾਲ ਇਸ ਬਾਰੇ ਗੱਲ ਕਰਨਾ ਮਦਦ ਕਰਨ ਵਾਲਾ ਲੱਗ ਸਕਦਾ ਹੈ।

ਕੁਝ ਸ਼ਿਕਾਇਤਕਰਤਾ ਕੋਈ ਅਜਿਹਾ ਹੱਲ ਲੱਭਣ ਲਈ ਸਾਡੇ ਨਾਲ ਸੰਪਰਕ ਕਰਦੇ ਹਨ ਜਿਹੜਾ ਅਸੀਂ ਨਹੀਂ ਕਰ ਸਕਦੇ। ਸੀ ਡੀ ਐੱਸ ਬੀ ਸੀ ਕਿਉਂਕਿ ਉਨ੍ਹਾਂ ਸਰੋਕਾਰਾਂ ਦਾ ਹੱਲ ਨਹੀਂ ਕਰ ਸਕਦਾ ਜਿਹੜਾ ਸਾਡੀ ਕਾਨੂੰਨੀ ਤਾਕਤ ਤੋਂ ਬਾਹਰ ਹਨ, ਇਸ ਕਰਕੇ ਸਾਡੀ ਪੜਤਾਲ ਦਾ ਨਤੀਜਾ ਸ਼ਾਇਦ ਤੁਹਾਡੇ ਵਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਹਰ ਪੱਖ ਦਾ ਹੱਲ ਨਾ ਕਰ ਸਕੇ।

## ✓ ਸੀ ਡੀ ਐੱਸ ਬੀ ਸੀ ਕੀ ਪੜਤਾਲ ਕਰ ਸਕਦਾ ਹੈ

ਸੀ ਡੀ ਐੱਸ ਬੀ ਸੀ ਆਪਣੇ ਰਜਿਸਟਰੈਂਟਸ ਦੇ ਵਰਤਾਉ ਜਾਂ ਸਮਰੱਥਾ ਬਾਰੇ ਸਾਰੀਆਂ ਸ਼ਿਕਾਇਤਾਂ ਦੀ ਪੜਤਾਲ ਕਰਦਾ ਹੈ। ਸਾਡਾ ਆਦੇਸ਼ ਲੋਕਾਂ ਦੀ ਸੇਵਾ ਅਤੇ ਰੱਖਿਆ ਕਰਨਾ ਹੈ ਅਤੇ ਹਰ ਵੇਲੇ ਲੋਕਾਂ ਦੇ ਹਿੱਤ ਵਿਚ ਕਾਰਵਾਈ ਕਰਨਾ ਹੈ।

*ਹੈਲਥ ਪ੍ਰੋਫੈਸ਼ਨਜ਼ ਐਕਟ* ਹੇਠ, ਸੀ ਡੀ ਐੱਸ ਬੀ ਸੀ ਕੋਲ ਆਪਣੇ ਰਜਿਸਟਰੈਂਟਸ ਬਾਰੇ ਸਾਨੂੰ ਮਿਲੀ ਕਿਸੇ ਵੀ ਸ਼ਿਕਾਇਤ ਦੀ ਪੜਤਾਲ ਕਰਨ ਦੀ ਅਤੇ ਲੋਕਾਂ ਲਈ ਖਤਰਾ ਬਣਨ ਵਾਲੇ ਸਰੋਕਾਰਾਂ ਦਾ ਹੱਲ ਕਰਨ ਦੀ ਕਾਨੂੰਨੀ ਤਾਕਤ ਹੈ। ਇਨ੍ਹਾਂ ਤਾਕਤਾਂ ਵਿਚ ਕਿਸੇ ਰਜਿਸਟਰੈਂਟ ਨੂੰ ਡਾਂਟਣਾ, ਸਸਪੈਂਡ ਕਰਨਾ, ਜਾਂ ਰਜਿਸਟੈਂਰਟ ਦੀ ਰਜਿਸਟਰੇਸ਼ਨ ਕੈਂਸਲ ਕਰਨਾ ਜਾਂ ਉਸ ਉੱਪਰ ਸੀਮਾਵਾਂ ਲਾਉਣਾ, ਅਤੇ ਹੋਰ ਬੰਦਸ਼ਾਂ ਲਾਉਣਾ ਸ਼ਾਮਲ ਹਨ।

ਜੇ ਪੜਤਾਲ ਕਰਨ `ਤੇ ਕਿਸੇ ਰਜਿਸਟਰੈਂਟ ਦੀ ਪ੍ਰੈਕਟਿਸ ਬਾਰੇ ਸਰੋਕਾਰ ਪੈਦਾ ਹੁੰਦੇ ਹਨ ਤਾਂ ਉਨ੍ਹਾਂ ਸਰੋਕਾਰਾਂ ਨੂੰ ਹੱਲ ਕਰਨ ਲਈ ਸੀ ਡੀ ਐੱਸ ਬੀ ਸੀ ਉਪਾ ਕਰਨ ਵਾਲੀ ਅਤੇ ਸਹਿਯੋਗੀ ਪਹੁੰਚ ਲੈ ਸਕਦਾ ਹੈ। ਸਾਰੇ ਕੇਸਾਂ ਵਿਚ, ਲੋਕਾਂ ਦੀ ਰੱਖਿਆ ਸਾਡੀ ਪਹਿਲੀ ਤਰਜੀਹ ਹੈ।

## ✘ ਸੀ ਡੀ ਐੱਸ ਬੀ ਸੀ ਕੀ ਨਹੀਂ ਕਰ ਸਕਦਾ

ਸ਼ੁਰੂ ਕਰਨ ਤੋਂ ਪਹਿਲਾਂ, ਕਿਰਪਾ ਕਰਕੇ ਇਹ ਨੋਟ ਕਰੋ ਕਿ ਸੀ ਡੀ ਐੱਸ ਬੀ ਸੀ ਇਹ ਕਰਨ ਦੇ ਯੋਗ **ਨਹੀਂ** ਹੈ:

- ਸ਼ਿਕਾਇਤਕਰਤਾ ਨੂੰ ਪੈਸੇ ਦੇਣ ਦੇ
- ਕਿਸੇ ਰਜਿਸਟਰੈਂਟ ਨੂੰ ਆਰਡਰ ਕਰਨ ਦੇ ਕਿ ਉਹ ਕਿਸੇ ਮਰੀਜ਼ ਜਾਂ ਹੋਰ ਰਜਿਸਟਰੈਂਟ ਨੂੰ ਕੋਈ ਪੈਸੇ ਵਾਪਸ ਦੇਵੇ ਜਾਂ ਪੈਸੇ ਦੇਵੇ, ਜਿਵੇਂ ਫੀਸਾਂ ਦੇ ਮਤਭੇਦ ਜਾਂ ਅਦਾਲਤੀ ਫੈਸਲਿਆਂ ਵਿਚ ਸ਼ਾਮਲ ਹੋਣ ਦੇ
- ਕਿਸੇ ਡੈਂਟਿਸਟ ਨੂੰ ਇਹ ਹੁਕਮ ਕਰਨ ਦੇ ਕਿ ਉਹ ਕਿਸੇ ਮਰੀਜ਼ ਦਾ ਕੋਈ ਖਾਸ ਇਲਾਜ ਕਰੇ
- ਦੰਦਾਂ ਬਾਰੇ ਜਾਂ ਦੰਦਾਂ ਦੇ ਇਲਾਜ ਬਾਰੇ ਸਲਾਹ ਦੇਣ, ਜਾਂ ਸ਼ਿਕਾਇਤਕਰਤਾਵਾਂ ਨੂੰ ਨਵੇਂ ਰਜਿਸਟਰੈਂਟ ਕੋਲ ਭੇਜਣ ਦੇ
- ਕਿਸੇ ਰਜਿਸਟਰੈਂਟ ਦੇ ਵਿਰੁੱਧ ਮੁਕੱਦਮੇ ਵਿਚ ਕਾਨੂੰਨੀ ਸਲਾਹ ਦੇਣ ਦੇ ਜਾਂ ਮਦਦ ਕਰਨ ਦੇ*
- ਬਿਜ਼ਨਸ ਦੇ ਝਗੜਿਆਂ ਦੇ ਹੱਲ ਕਰਨ ਦੇ

**ਜੇ ਤੁਸੀਂ ਸੋਚਦੇ ਹੋਵੋ ਕਿ ਤੁਹਾਨੂੰ ਕਿਸੇ ਡੈਂਟਿਸਟ, ਡੈਂਟਲ ਥੈਰੇਪਿਸਟ ਜਾਂ ਸੀ ਡੀ ਏ ਵਲੋਂ ਕੀਤੇ ਗਏ ਇਲਾਜ ਨਾਲ ਨੁਕਸਾਨ ਹੋਇਆ ਹੈ ਤਾਂ ਤੁਸੀਂ ਮੁਆਵਜ਼ਾ ਮੰਗ ਰਹੇ ਹੋਵੋ ਤਾਂ ਸੀ ਡੀ ਐੱਸ ਬੀ ਸੀ ਤੁਹਾਨੂੰ ਕਿਸੇ ਵਕੀਲ ਨਾਲ ਗੱਲ ਕਰਨ ਦੀ ਵੀ ਸਲਾਹ ਦਿੰਦਾ ਹੈ। ਅਜਿਹੇ ਕਲੇਮ ਕਾਨੂੰਨੀ ਕਾਰਵਾਈ ਰਾਹੀਂ ਹੱਲ ਹੁੰਦੇ ਹਨ ਨਾ ਕਿ ਸੀ ਡੀ ਐੱਸ ਬੀ ਸੀ ਨੂੰ ਸ਼ਿਕਾਇਤ ਕਰਨ ਦੇ ਕਾਰਜ ਰਾਹੀਂ।*

## ਸ਼ਿਕਾਇਤ ਦਰਜ ਕਰਵਾਉ

ਰਸਮੀ ਸ਼ਿਕਾਇਤਾਂ ਲਿਖਤੀ ਰੂਪ ਵਿਚ ਹੋਣੀਆਂ *ਜ਼ਰੂਰੀ* ਹਨ। ਇਹ ਗੱਲ ਨੋਟ ਕਰੋ ਕਿ ਸੀ ਡੀ ਐੱਸ ਬੀ ਸੀ ਮੂੰਹ-ਜ਼ਬਾਨੀ, ਗੁਪਤ, ਜਾਂ ਬਿਨਾਂ ਦਸਖਤਾਂ ਵਾਲੀ ਸ਼ਿਕਾਇਤਾਂ ਪ੍ਰਵਾਨ ਨਹੀਂ ਕਰਦਾ। ਸਾਡੇ ਔਨਲਾਈਨ ਕਮਪਲੇਂਟ ਸਬਮਿਸ਼ਨ, ਸਾਡੇ ਸ਼ਿਕਾਇਤ ਫਾਰਮ (ਪੀ ਡੀ ਐੱਫ) ਦੀ ਵਰਤੋਂ ਕਰਦੇ ਹੋਏ ਆਪਣੀ ਦਸਖਤਾਂ ਵਾਲੀ ਸ਼ਿਕਾਇਤ complaints@cdsbc.org `ਤੇ ਈਮੇਲ ਕਰਕੇ ਜਾਂ ਇਸ ਐਡਰੈਸ `ਤੇ ਲਿਖਤੀ ਰੂਪ ਵਿਚ ਭੇਜ ਕੇ ਦਰਜ ਕਰਵਾਉ:

College of Dental Surgeons of BC

Complaints

500 - 1765 West 8th Avenue

Vancouver, BC  V6J 5C6

ਜੇ ਈਮੇਲ ਜਾਂ ਡਾਕ ਰਾਹੀਂ ਸ਼ਿਕਾਇਤ ਭੇਜ ਰਹੇ ਹੋਵੋ ਤਾਂ ਇਹ ਸ਼ਾਮਲ ਕਰਨਾ ਵੀ ਯਾਦ ਰੱਖੋ:

- ਤੁਹਾਡਾ ਪੂਰਾ ਨਾਂ ਅਤੇ ਸੰਪਰਕ ਕਰਨ ਬਾਰੇ ਪੂਰੀ ਜਾਣਕਾਰੀ (ਐਡਰੈਸ, ਫੋਨ ਨੰਬਰ ਅਤੇ ਈਮੇਲ)
- ਉਸ ਡੈਂਟਿਸਟ/ਡੈਂਟਲ ਥੈਰੇਪਿਸਟ/ਸੀ ਡੀ ਏ ਦਾ ਨਾਂ ਅਤੇ ਐਡਰੈਸ ਜਿਸ ਬਾਰੇ ਤੁਸੀਂ ਸ਼ਿਕਾਇਤ ਕਰਨਾ ਚਾਹੁੰਦੇ ਹੋ

  ਕੋਈ ਹੋਰ ਡੈਂਟਿਸਟਾਂ ਦੇ ਨਾਂ ਅਤੇ ਐਡਰੈਸ ਜਿਨ੍ਹਾਂ ਕੋਲ ਤੁਸੀਂ ਗਏ ਹੋ ਜਾਂ ਜਿਨ੍ਹਾਂ ਨਾਲ ਮਸ਼ਵਰਾ ਕੀਤਾ ਹੈ

- ਤੁਹਾਡੀ ਸ਼ਿਕਾਇਤ ਦਾ ਕਾਰਨ ਬਣਨ ਵਾਲੇ ਤੱਥਾਂ ਦਾ ਵਿਸਥਾਰ ਵਿਚ ਵੇਰਵਾ
- ਦੰਦਾਂ ਦੇ ਕੋਈ ਵੀ ਰਿਕਾਰਡ ਜਿਹੜੇ ਤੁਹਾਡੇ ਕੋਲ ਹੋ ਸਕਦੇ ਹਨ
- ਤੁਹਾਡੇ ਦਸਖਤ

ਇਹ ਗੱਲ ਨੋਟ ਕਰੋ ਕਿ ਤੁਹਾਡੀ ਸ਼ਿਕਾਇਤ ਵਾਲੀ ਚਿੱਠੀ ਜਵਾਬ ਦੇਣ ਲਈ ਰਜਿਸਟਰੈਂਟ ਨੂੰ ਦਿੱਤੀ ਜਾਵੇਗੀ। ਬਹੁਤੇ ਕੇਸਾਂ ਵਿਚ, ਤੁਸੀਂ ਵੀ ਉਹ ਜਵਾਬ ਦੇਖੋਗੇ ਜਿਹੜਾ ਉਹ ਤੁਹਾਡੀ ਸ਼ਿਕਾਇਤ ਦਾ ਦੇਵੇਗਾ।

# ਸ਼ਿਕਾਇਤ ਦੀ ਕਾਰਵਾਈ: ਲੋਕਾਂ ਵਲੋਂ ਆਮ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ

ਇਹ ਆਮ ਪੁੱਛੇ ਜਾਂਦੇ ਸਵਾਲ ਪੜ੍ਹਨ ਤੋਂ ਬਾਅਦ ਜੇ ਤੁਹਾਡੇ ਮਨ ਵਿਚ ਅਜੇ ਵੀ ਸੀ ਡੀ ਐੱਸ ਬੀ ਸੀ ਦੀ ਸ਼ਿਕਾਇਤ ਦੀ ਕਾਰਵਾਈ ਬਾਰੇ ਸਵਾਲ ਹੋਣ ਤਾਂ ਕਿਰਪਾ ਕਰਕੇ ਸੀ ਡੀ ਐੱਸ ਬੀ ਸੀ ਦੀ ਸ਼ਿਕਾਇਤ ਟੀਮ ਨੂੰ 604-736-3621 `ਤੇ ਫੋਨ ਕਰੋ।

## 1. ਆਪਣੇ ਡੈਂਟਿਸਟ/ਡੈਂਟਲ ਥੈਰੇਪਿਸਟ/ਸੀ ਡੀ ਏ ਬਾਰੇ ਜੇ ਮੇਰਾ ਕੋਈ ਫਿਕਰ ਹੋਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਡੇ ਮਨ ਵਿਚ ਕੋਈ ਫਿਕਰ ਹੋਣ ਤਾਂ ਸਭ ਤੋਂ ਪਹਿਲਾਂ ਤੁਹਾਨੂੰ ਆਪਣੇ ਡੈਂਟਿਸਟ/ਡੈਂਟਲ ਥੈਰੇਪਿਸਟ/ਸੀ ਡੀ ਏ ਨਾਲ ਗੱਲ ਕਰਨੀ ਚਾਹੀਦੀ ਹੈ, ਜਾਂ ਜੇ ਸਰੋਕਾਰ ਫੀਸ ਨਾਲ ਸੰਬੰਧਿਤ ਹੋਵੇ ਤਾਂ ਬੀ ਸੀ ਡੀ ਏ ਨਾਲ ਸੰਪਰਕ ਕਰਨਾ ਚਾਹੀਦਾ ਹੈ। ਜੇ ਅਜੇ ਵੀ ਹੱਲ ਨਾ ਹੋਵੇ ਤਾਂ ਤੁਸੀਂ ਜ਼ਿਆਦਾ ਜਾਣਕਾਰੀ ਲਈ ਸੀ ਡੀ ਐੱਸ ਬੀ ਸੀ ਨਾਲ ਸੰਪਰਕ ਕਰ ਸਕਦੇ ਹੋ ਜਾਂ ਲਿਖਤੀ ਸ਼ਿਕਾਇਤ ਦਰਜ ਕਰਵਾਓ।

## 2. ਸ਼ਿਕਾਇਤ ਦਰਜ ਕਰਵਾਉਣ ਤੋਂ ਪਹਿਲਾਂ ਕੀ ਮੈਂ ਆਪਣੇ ਫਿਕਰਾਂ ਬਾਰੇ ਕਿਸੇ ਨਾਲ ਗੱਲ ਕਰ ਸਕਦਾ/ਸਕਦੀ ਹਾਂ?

ਤੁਸੀਂ ਸ਼ਿਕਾਇਤਾਂ ਬਾਰੇ ਸਵਾਲ ਸੀ ਡੀ ਐੱਸ ਬੀ ਸੀ ਤੋਂ ਫੋਨ ਜਾਂ ਈਮੇਲ ਰਾਹੀਂ ਪੁੱਛ ਸਕਦੇ ਹੋ; ਪਰ ਸ਼ਿਕਾਇਤਾਂ ਟੈਲੀਫੋਨ ਜਾਂ ਬਿਨਾਂ ਦਸਖਤਾਂ ਵਾਲੀ ਈਮੇਲ `ਤੇ ਪ੍ਰਵਾਨ ਨਹੀਂ ਕੀਤੀਆਂ ਜਾਂਦੀਆਂ, ਅਤੇ ਸੀ ਡੀ ਐੱਸ ਬੀ ਸੀ ਦਾ ਸਟਾਫ ਤੁਹਾਨੂੰ ਇਲਾਜ ਬਾਰੇ ਸਲਾਹ ਦੇਣ ਦੇ ਯੋਗ ਨਹੀਂ ਹੈ।

## 3. ਮੈਂ ਸ਼ਿਕਾਇਤ ਕਿਵੇਂ ਕਰਨੀ ਹੈ?

ਜੇ ਰਜਿਸਟਰੈਂਟ ਨਾਲ ਤੁਹਾਡੀ ਗੱਲਬਾਤ ਤੁਹਾਡੇ ਫਿਕਰ ਦਾ ਹੱਲ ਨਹੀਂ ਕਰਦੀ ਤਾਂ ਤੁਸੀਂ ਸਾਡੇ ਸ਼ਿਕਾਇਤ ਫਾਰਮ ਦੀ ਵਰਤੋਂ ਕਰਦੇ ਹੋਏ ਸੀ ਡੀ ਐੱਸ ਬੀ ਸੀ ਨੂੰ ਲਿਖ ਕੇ ਰਸਮੀ ਸ਼ਿਕਾਇਤ ਦਰਜ ਕਰਵਾ ਸਕਦੇ ਹੋ। ਇਹ ਜਾਣੋ ਕਿ ਸ਼ਿਕਾਇਤ ਕਿਵੇਂ ਦਰਜ ਕਰਵਾਉਣੀ ਹੈ।

## 4. ਕੀ ਮੈਂ ਕਿਸੇ ਹੋਰ ਦੀ ਤਰਫੋਂ ਸ਼ਿਕਾਇਤ ਕਰ ਸਕਦਾ/ਸਕਦੀ ਹਾਂ?

ਜੇ ਤੁਸੀਂ ਕਿਸੇ ਹੋਰ ਦੀ ਤਰਫੋਂ ਸ਼ਿਕਾਇਤ ਕਰ ਰਹੇ ਹੋਵੋ ਤਾਂ ਤੁਹਾਡੇ ਲਈ ਪੜਤਾਲ ਕਰਨ ਬਾਰੇ ਅਤੇ ਉਸ ਮਰੀਜ਼ ਦੀ ਗੁਪਤ ਜਾਣਕਾਰੀ (ਜਿਵੇਂ ਇਹ ਸ਼ਿਕਾਇਤ ਨਾਲ ਸੰਬੰਧ ਰੱਖਦੀ ਹੈ) ਜਾਰੀ ਕੀਤੇ ਜਾਣ ਲਈ ਉਸ ਵਿਅਕਤੀ ਦੀ ਲਿਖਤੀ ਸਹਿਮਤੀ ਲੈਣਾ ਜ਼ਰੂਰੀ ਹੈ। ਉਸ ਵਿਅਕਤੀ ਨੂੰ ਸ਼ਿਕਾਇਤ ਦੀ ਚਿੱਠੀ `ਤੇ ਦਸਖਤ ਵੀ ਕਰਨੇ ਚਾਹੀਦੇ ਹਨ। ਸ਼ਿਕਾਇਤ ਵਿਚ, ਤੁਹਾਨੂੰ ਮਰੀਜ਼ ਨਾਲ ਆਪਣੇ ਸੰਬੰਧ ਬਾਰੇ ਸਾਫ ਸਾਫ ਦੱਸਣ ਦੀ ਲੋੜ ਪਵੇਗੀ। ਜੇ ਤੁਸੀਂ ਕਿਸੇ ਨਾਬਾਲਗ ਬੱਚੇ ਦੀ

ਤਰਫੋਂ ਸ਼ਿਕਾਇਤ ਕਰਨ ਵਾਲੇ ਮਾਪੇ ਹੋਵੋ, ਜਾਂ ਕਿਸੇ ਅਪਾਹਜ ਬਾਲਗ ਦੇ ਨੁਮਾਇੰਦੇ ਹੋਵੋ ਤਾਂ ਮਰੀਜ਼ ਦੀ ਸਹਿਮਤੀ ਦੀ ਲੋੜ ਨਹੀਂ ਹੈ; ਪਰ, ਅਸੀਂ ਨੁਮਾਇੰਦਗੀ ਦੇ ਐਗਰੀਮੈਂਟ ਜਾਂ ਆਰਡਰ ਦੀ ਕਾਪੀ ਮੰਗ ਸਕਦੇ ਹਾਂ।

## 5. ਮੈਂ ਆਪਣੇ ਦੰਦਾਂ ਦੇ ਰਿਕਾਰਡ ਦੀ ਕਾਪੀ ਕਿਵੇਂ ਲੈਣੀ ਹੈ?

ਹਰ ਮਰੀਜ਼ ਨੂੰ ਆਪਣੇ ਰਿਕਾਰਡਾਂ ਦੀ ਪੂਰੀ ਕਾਪੀ ਲੈਣ ਦਾ ਹੱਕ ਹੈ। ਮਰੀਜ਼ ਦੇ ਆਪਣੇ ਚਾਰਟ ਵਿਚਲੀ ਜਾਣਕਾਰੀ ਦੇ ਮਰੀਜ਼ ਮਾਲਕ ਹੁੰਦੇ ਹਨ ਅਤੇ ਉਨ੍ਹਾਂ ਨੂੰ ਕਾਨੂੰਨ ਅਨੁਸਾਰ ਆਪਣੇ ਦੰਦਾਂ ਦੇ ਪੂਰੇ ਰਿਕਾਰਡ ਦੀ ਕਾਪੀ ਲੈਣ ਦਾ ਹੱਕ ਹੈ। ਡੈਂਟਿਸਟ ਮੰਗੀਆਂ ਗਈਆਂ ਕਾਪੀਆਂ ਮਰੀਜ਼ ਨੂੰ ਦੇਣ ਲਈ ਕਾਨੂੰਨੀ ਤੌਰ `ਤੇ ਪਾਬੰਦ ਹਨ, ਜਿਸ ਵਿਚ ਰੇਡਿਓਗ੍ਰਾਫ, ਸਟੱਡੀ ਮੌਡਲ ਅਤੇ ਫੋਟੋਆਂ ਵੀ ਸ਼ਾਮਲ ਹਨ। ਰਿਕਾਰਡਾਂ ਦੀ ਕਾਪੀ ਕਰਨ ਦੇ ਖਰਚੇ ਨੂੰ ਕਵਰ ਕਰਨ ਲਈ ਡੈਂਟਲ ਔਫਿਸ ਵਾਜਬ ਫੀਸ ਚਾਰਜ ਕਰ ਸਕਦੇ ਹਨ।

ਡੈਂਟਿਸਟਾਂ ਨੂੰ ਉਦੋਂ ਕਿਸੇ ਮਰੀਜ਼ ਦੇ ਰਿਕਾਰਡ ਰੋਕ ਰੱਖਣ ਦੀ ਆਗਿਆ ਨਹੀਂ ਹੈ ਜਦੋਂ ਮਰੀਜ਼ ਵੱਲ ਦੰਦਾਂ ਦੇ ਕੰਮ ਦੇ ਪੈਸੇ ਰਹਿੰਦੇ ਵੀ ਹੁੰਦੇ ਹਨ। ਮਰੀਜ਼ ਅਤੇ ਡੈਂਟਿਸਟ ਵਿਚਕਾਰ ਫੀਸਾਂ ਦੇ ਮਤਭੇਦ ਜਾਂ ਹੋਰ ਅਸਹਿਮਤੀਆਂ ਮਰੀਜ਼ਾਂ ਦਾ ਰਿਕਾਰਡ ਦੇਣ ਤੋਂ ਨਾਂਹ ਕਰਨ, ਜਾਂ ਤਬਦੀਲ ਕਰਨ ਤੋਂ ਨਾਂਹ ਕਰਨ ਦੇ ਆਧਾਰ ਨਹੀਂ ਹਨ। ਜੇ ਹੋਰ ਡੈਂਟਿਸਟ ਆਫਿਸ ਰਿਕਾਰਡਾਂ ਦੀ ਮੰਗ ਕਰੇ ਤਾਂ ਡੈਂਟਿਸਟਾਂ ਲਈ ਮਰੀਜ਼ ਦੇ ਰਿਕਾਰਡ ਦੇਣੇ ਜ਼ਰੂਰੀ ਹਨ।

## 6. ਮੇਰੀ ਸ਼ਿਕਾਇਤ ਦਾ ਹੱਲ ਹੋਣ ਨੂੰ ਕਿੰਨਾ ਸਮਾਂ ਲੱਗੇਗਾ?

ਸੀ ਡੀ ਐੱਸ ਬੀ ਸੀ ਦੇ ਕੰਮ ਦੇ ਬੋਝ ਅਤੇ ਬਹੁਤ ਸਾਰੀਆਂ ਸ਼ਿਕਾਇਤਾਂ ਦੀ ਗੁੰਝਲਤਾ ਕਰਕੇ, ਸਹੀ ਤੌਰ `ਤੇ ਇਹ ਕਹਿਣਾ ਔਖਾ ਹੈ ਕਿ ਸ਼ਿਕਾਇਤ ਦੀ ਪੜਤਾਲ ਕਰਨ ਨੂੰ ਕਿੰਨਾ ਸਮਾਂ ਲੱਗੇਗਾ। ਇਸ ਵੇਲੇ ਇਕ ਔਸਤ ਸ਼ਿਕਾਇਤ `ਤੇ ਕਾਰਵਾਈ ਤਕਰੀਬਨ 12 ਮਹੀਨਿਆਂ ਵਿਚ ਹੁੰਦੀ ਹੈ, ਪਰ ਇਹ ਸਮਾਂ ਸ਼ਿਕਾਇਤ ਦੀ ਗੁੰਝਲਤਾ ਅਤੇ ਸੀ ਡੀ ਐੱਸ ਬੀ ਸੀ ਦੇ ਉਪਲਬਧ ਸ੍ਰੋਤਾਂ ਕਾਰਨ ਵੱਖ ਵੱਖ ਹੋ ਸਕਦਾ ਹੈ। ਸਾਰੇ ਕੇਸਾਂ ਵਿਚ, ਸੀ ਡੀ ਐੱਸ ਬੀ ਸੀ *ਹੈਲਥ ਪ੍ਰੋਫੈਸ਼ਨਜ਼ ਐਕਟ* ਵਿਚ ਦਿੱਤੀਆਂ ਗਈਆਂ ਸਮੇਂ ਦੀਆਂ ਹੱਦਾਂ ਦੇ ਵਿਚ ਵਿਚ ਪੜਤਾਲਾਂ ਮੁਕੰਮਲ ਕਰਨ ਦੀ ਕੋਸ਼ਿਸ਼ ਕਰਦਾ ਹੈ।

## 7. ਮੈਂ ਆਪਣੇ ਡੈਂਟਿਸਟ/ਡੈਂਟਲ ਥੈਰੇਪਿਸਟ/ਸੀ ਡੀ ਏ ਬਾਰੇ ਸ਼ਿਕਾਇਤ ਕੀਤੀ ਹੈ। ਮੈਂ ਕਿਸ ਕਿਸਮ ਦੇ ਨਤੀਜੇ ਦੀ ਉਮੀਦ ਰੱਖ ਸਕਦਾ/ਸਕਦੀ ਹਾਂ?

ਸੀ ਡੀ ਐੱਸ ਬੀ ਸੀ ਇਹ ਮੰਗ ਕਰਦਾ ਹੈ ਕਿ ਇਸ ਦੇ ਰਜਿਸਟਰੈਂਟ ਸਮਰੱਥਾ ਅਤੇ ਨੈਤਿਕਤਾ ਨਾਲ ਪ੍ਰੈਕਟਿਸ ਕਰਨ। ਸਾਡੇ ਕੋਲ *ਹੈਲਥ ਪ੍ਰੋਫੈਸ਼ਨਜ਼ ਐਕਟ* ਹੇਠ ਆਪਣੇ ਰਜਿਸਟਰੈਂਟ ਬਾਰੇ ਮਿਲਣ ਵਾਲੀ ਕਿਸੇ ਵੀ ਸ਼ਿਕਾਇਤ ਦੀ ਪੜਤਾਲ ਕਰਨ ਅਤੇ ਉਨ੍ਹਾਂ ਫਿਕਰਾਂ ਦਾ ਹੱਲ ਕਰਨ ਦੀਆਂ ਕਾਨੂੰਨੀ ਤਾਕਤਾਂ ਹਨ ਜਿਹੜੇ ਲੋਕਾਂ ਲਈ ਖਤਰਾ ਪੈਦਾ ਕਰਦੇ ਹਨ। ਇਨ੍ਹਾਂ ਤਾਕਤਾਂ ਵਿਚ ਕਿਸੇ ਰਜਿਸਟਰੈਂਟ ਨੂੰ ਝਾੜ ਪਾਉਣ, ਸਸਪੈਂਡ ਕਰਨ, ਜਾਂ ਰਜਿਸਟਰੈਂਟ ਦੀ ਰਜਿਸਟਰੇਸ਼ਨ ਕੈਂਸਲ ਕਰਨ ਜਾਂ ਉਸ `ਤੇ ਬੰਦਸ਼ਾਂ ਲਾਉਣ ਅਤੇ ਹੋਰ ਪਾਬੰਦੀਆਂ ਲਾਉਣ ਦੀਆਂ ਤਾਕਤਾਂ ਸ਼ਾਮਲ ਹਨ। ਸ਼ਿਕਾਇਤਾਂ ਦੇ ਹੱਲ ਕਰਨ ਸਮੇਂ ਸੀ ਡੀ ਐੱਸ ਬੀ ਸੀ ਆਮ ਤੌਰ 'ਤੇ ਸਜ਼ਾ ਦੇਣ ਦੀ ਥਾਂ ਉਪਾ ਕਰਨ 'ਤੇ ਧਿਆਨ ਕੇਂਦਰਿਤ ਕਰਦਾ ਹੈ।

ਸੀ ਡੀ ਐੱਸ ਬੀ ਸੀ ਇਹ ਮੰਗ ਕਰਦਾ ਹੈ ਕਿ ਇਸ ਦੇ ਰਜਿਸਟਰੈਂਟ ਸਮਰੱਥਾ ਅਤੇ ਨੈਤਿਕਤਾ ਨਾਲ ਪ੍ਰੈਕਟਿਸ ਕਰਨ। ਇਹ ਰੋਲ ਉਮੀਦ ਰੱਖਣ ਦਾ ਹੈ ਅਤੇ ਸੀ ਡੀ ਐੱਸ ਬੀ ਸੀ ਦਾ ਧਿਆਨ ਆਮ ਤੌਰ `ਤੇ ਸਜ਼ਾ ਦੇਣ ਦੀ ਬਜਾਏ ਉਪਾ ਕਰਨਾ ਹੈ। ਸੀ ਡੀ ਐੱਸ ਬੀ ਸੀ ਵਲੋਂ ਛਾਪੇ ਜਾਂਦੇ ਸ਼ਿਕਾਇਤਾਂ ਦੇ ਸੰਖੇਪ ਅਤੇ ਉਨ੍ਹਾਂ ਦੇ ਨਤੀਜੇ ਵਿਚਾਰਨ ਨਾਲ ਤੁਹਾਨੂੰ ਉਨ੍ਹਾਂ ਨਤੀਜਿਆਂ ਦਾ ਨਮੂਨਾ ਮਿਲ ਸਕਦਾ ਹੈ ਜਿਨ੍ਹਾਂ ਦੀ ਤੁਸੀਂ ਉਮੀਦ ਰੱਖ ਸਕਦੇ ਹੋ।

## 8. ਸ਼ਿਕਾਇਤਾਂ ਦੀ ਕਾਰਵਾਈ ਵਿਚ ਮੇਰਾ ਕੀ ਰੋਲ ਹੈ?

ਜੇ ਤੁਸੀਂ ਸ਼ਿਕਾਇਤ ਕਰਦੇ ਹੋ ਤਾਂ ਇਹ ਜ਼ਰੂਰੀ ਹੈ ਕਿ ਜੇ ਸੀ ਡੀ ਐੱਸ ਬੀ ਸੀ ਕੋਈ ਹੋਰ ਜਾਣਕਾਰੀ ਮੰਗਦਾ ਹੈ ਤਾਂ ਤੁਸੀਂ ਇਹ ਦੇਣ ਦੇ ਖਾਹਸ਼ਮੰਦ ਅਤੇ ਯੋਗ ਹੋਵੋ। ਅਕਸਰ ਮੁਢਲੀ ਸ਼ਿਕਾਇਤ ਵਿਚ ਸਾਰੇ ਢੁਕਵੇਂ ਤੱਥ ਨਹੀਂ ਹੁੰਦੇ, ਜਾਂ ਪੜਤਾਲ ਦੌਰਾਨ ਨਵੇਂ ਤੱਥਾਂ ਦਾ ਪਤਾ ਲੱਗਦਾ ਹੈ। ਜਿਹੜੇ ਸ਼ਿਕਾਇਤਕਰਤਾ ਸ਼ਿਕਾਇਤ ਦੀਆਂ ਪੜਤਾਲਾਂ ਬਾਰੇ ਸੀ ਡੀ ਐੱਸ ਬੀ ਸੀ ਨਾਲ ਗੱਲ ਕਰਨ ਤੋਂ ਨਾਂਹ ਕਰਦੇ ਹਨ, ਉਹ ਆਪਣੀ ਸ਼ਿਕਾਇਤ ਦੀ ਅਸਰਦਾਰ ਪੜਤਾਲ ਕਰਨਾ ਔਖਾ (ਜਾਂ ਅਸੰਭਵ) ਬਣਾਉਂਦੇ ਹਨ।

## 9. ਮੇਰੇ ਵਲੋਂ ਦਰਜ ਕਰਵਾਈ ਗਈ ਸ਼ਿਕਾਇਤ ਨੂੰ ਕੌਣ ਦੇਖੇਗਾ?

ਜਿਹੜੀਆਂ ਸ਼ਿਕਾਇਤਾਂ ਪੜਤਾਲ ਕਰਨ ਲਈ ਪ੍ਰਵਾਨ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਦੀ ਸੀ ਡੀ ਐੱਸ ਬੀ ਸੀ ਦੇ ਸ਼ਿਕਾਇਤਾਂ ਦੀ ਪੜਤਾਲ ਕਰਨ ਵਾਲੇ ਪੜਤਾਲੀਏ ਵਲੋਂ ਪੜਤਾਲ ਕੀਤੀ ਜਾਂਦੀ ਹੈ। ਦੰਦਾਂ ਦੇ ਇਲਾਜ ਦੀ ਖਾਸ ਵਿਸ਼ੇਸ਼ਤਾ ਹੋਣ ਕਰਕੇ, ਸ਼ਿਕਾਇਤਾਂ ਦੀ ਪੜਤਾਲ ਕਰਨ ਵਾਲੇ ਬਹੁਤੇ ਪੜਤਾਲੀਏ ਆਪ ਵੀ ਡੈਂਟਿਸਟ ਹੁੰਦੇ ਹਨ। ਇਸ ਦੇ ਨਾਲ ਹੀ, ਤੁਹਾਡੇ ਵਲੋਂ ਕੀਤੀ ਗਈ ਸ਼ਿਕਾਇਤ ਸ਼ਾਮਲ ਡੈਂਟਿਸਟ ਨੂੰ ਦਿੱਤੀ ਜਾਵੇਗੀ ਅਤੇ ਉਸ ਨੂੰ ਇਸ ਦਾ ਜਵਾਬ ਦੇਣ ਲਈ ਕਿਹਾ ਜਾਵੇਗਾ। ਬਹੁਤੇ ਕੇਸਾਂ ਵਿਚ, ਤੁਹਾਨੂੰ ਡੈਂਟਿਸਟ ਦੇ ਜਵਾਬ ਦੀ ਕਾਪੀ ਦਿੱਤੀ ਜਾਵੇਗੀ।

## 10. ਕੀ ਸ਼ਿਕਾਇਤਾਂ `ਤੇ ਕਾਰਵਾਈ ਗੁਪਤ ਹੁੰਦੀ ਹੈ?

ਜਦ ਕਿ ਸੀ ਡੀ ਐੱਸ ਬੀ ਸੀ ਇਹ ਪੱਕਾ ਕਰਨ ਲਈ ਹਰ ਯਤਨ ਕਰਦਾ ਹੈ ਕਿ ਸ਼ਿਕਾਇਤਾਂ ਨੂੰ ਗੁਪਤ ਰੱਖਿਆ ਜਾਵੇ, ਪਰ ਇਹ ਭੇਤਦਾਰੀ ਦੀ ਗਰੰਟੀ ਨਹੀਂ ਦੇ ਸਕਦਾ। ਸਾਡੇ ਰਿਕਾਰਡਾਂ `ਤੇ *ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ* ਦੀਆਂ ਸ਼ਰਤਾਂ ਲਾਗੂ ਹੁੰਦੀਆਂ ਹਨ ਅਤੇ ਇਹ ਉਨ੍ਹਾਂ ਲੋਕਾਂ ਨੂੰ ਦਿੱਤੇ ਜਾ ਸਕਦੇ ਹਨ ਜਿਨ੍ਹਾਂ ਦੇ ਹਿੱਤਾਂ `ਤੇ ਅਸਰ ਪੈ ਸਕਦਾ ਹੈ। ਇਹ ਗੱਲ ਨੋਟ ਕਰੋ ਕਿ ਜੇ ਸ਼ਿਕਾਇਤ ਦਾ ਨਤੀਜਾ ਕਿਸੇ ਅਨੁਸ਼ਾਸਨੀ ਕਾਰਵਾਈ ਵਿਚ ਨਿਕਲਦਾ ਹੈ ਤਾਂ ਨਤੀਜਾ ਜਨਤਕ ਹੋ ਸਕਦਾ ਹੈ।

*ਹੈਲਥ ਪ੍ਰੋਫੈਸ਼ਨਜ਼ ਐਕਟ* ਹੇਠ, ਸ਼ਿਕਾਇਤ ਦੀ ਪੜਤਾਲ ਦੌਰਾਨ ਤੁਹਾਨੂੰ ਜਿਹੜੀ ਵੀ ਜਾਣਕਾਰੀ ਜਾਂ ਪੇਪਰ ਸੀ ਡੀ ਐੱਸ ਬੀ ਸੀ ਤੋਂ ਮਿਲਦੇ ਹਨ, ਉਹ ਪ੍ਰਾਈਵੇਟ ਰੱਖੇ ਜਾਣੇ ਜ਼ਰੂਰੀ ਹਨ ਅਤੇ ਉਹ ਕਿਸੇ ਹੋਰ ਮੰਤਵ ਲਈ ਨਹੀਂ ਵਰਤੇ ਜਾ ਸਕਦੇ, ਜਿਸ ਵਿਚ ਕਿਸੇ ਰਜਿਸਟਰੈਂਟ ਦੇ ਖਿਲਾਫ ਕਾਨੂੰਨੀ ਕਾਰਵਾਈਆਂ ਵੀ ਸ਼ਾਮਲ ਹਨ।

## 11. ਮੇਰੇ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ ਕੀ ਹੁੰਦਾ ਹੈ?

ਤੁਹਾਡੀ ਸ਼ਿਕਾਇਤ ਪੜਤਾਲ ਕਰਨ ਲਈ ਪ੍ਰਵਾਨ ਕਰ ਲਏ ਜਾਣ ਤੋਂ ਬਾਅਦ, ਸ਼ਿਕਾਇਤ ਲਈ ਇਕ ਪੜਤਾਲੀਆ ਲਾਇਆ ਜਾਵੇਗਾ ਅਤੇ ਪੜਤਾਲ ਕੀਤੀ ਜਾਵੇਗੀ। ਰਜਿਸਟਰੈਂਟ ਨੂੰ ਆਮ ਤੌਰ `ਤੇ ਮਰੀਜ਼ ਦੇ ਰਿਕਾਰਡਾਂ ਦੇ ਨਾਲ ਨਾਲ ਸ਼ਿਕਾਇਤ ਦਾ ਲਿਖਤੀ ਜਵਾਬ ਦੇਣ ਲਈ ਕਿਹਾ ਜਾਂਦਾ ਹੈ। ਮਰੀਜ਼ ਦੇ ਇਲਾਜ ਵਿਚ ਸ਼ਾਮਲ ਹੋਰ ਡੈਂਟਿਸਟਾਂ ਨੂੰ ਵੀ ਰਿਪੋਰਟ ਅਤੇ ਰਿਕਾਰਡ ਦੇਣ ਲਈ ਕਿਹਾ ਜਾ ਸਕਦਾ ਹੈ।

ਤੁਹਾਡੇ ਵਲੋਂ ਦਰਜ ਕਰਵਾਈ ਗਈ ਸ਼ਿਕਾਇਤ ਸੰਬੰਧਿਤ ਰਜਿਸਟਰੈਂਟ ਨੂੰ ਦਿੱਤੀ ਜਾਵੇਗੀ ਅਤੇ ਉਸ ਨੂੰ ਇਸ ਦਾ ਜਵਾਬ ਦੇਣ ਲਈ ਕਿਹਾ ਜਾਵੇਗਾ। ਇਹ ਗੱਲ ਨੋਟ ਕਰੋ ਕਿ ਜੇ ਸ਼ਿਕਾਇਤ ਬਹੁਤ ਮਮੂਲੀ, ਸਾਰਹੀਣ ਹੋਵੇ, ਖਿਝਾਉਣ ਲਈ, ਜਾਂ ਮਾੜੀ ਨੀਅਤ ਨਾਲ ਕੀਤੀ ਗਈ ਹੋਵੇ, ਜਾਂ ਇਹ ਸੀ ਡੀ ਐੱਸ ਬੀ ਸੀ ਦੀਆਂ ਤਾਕਤਾਂ ਤੋਂ ਬਾਹਰ ਦੇ ਮਾਮਲੇ ਨਾਲ ਸੰਬੰਧਿਤ ਹੋਵੇ ਤਾਂ ਇਹ ਫੌਰਨ ਰਜਿਸਟਰਾਰ ਵਲੋਂ ਰੱਦ ਕੀਤੀ ਜਾ ਸਕਦੀ ਹੈ।

## 12. ਮੇਰੇ ਡੈਂਟਿਸਟ ਨੇ ਮੈਨੂੰ ਸ਼ਿਕਾਇਤ ਦਰਜ ਨਾ ਕਰਵਾਉਣ ਦੇ ਐਗਰੀਮੈਂਟ `ਤੇ ਦਸਖਤ ਕਰਨ ਲਈ ਕਿਹਾ ਸੀ, ਪਰ ਹੁਣ ਮੈਂ ਆਪਣਾ ਮਨ ਬਦਲ ਲਿਆ ਹੈ। ਮੈਂ ਕੀ ਕਰ ਸਕਦਾ ਹਾਂ?

ਆਪਣੇ ਡੈਂਟਿਸਟ ਨਾਲ ਕੀਤਾ ਗਿਆ ਕੋਈ ਵੀ ਐਗਰੀਮੈਂਟ ਤੁਹਾਨੂੰ ਸ਼ਿਕਾਇਤ ਦਰਜ ਕਰਵਾਉਣ ਤੋਂ **ਰੋਕ ਨਹੀਂ ਸਕਦਾ ਜੇ** ਤੁਹਾਡੇ ਕੋਲ ਕੋਈ ਸਰੋਕਾਰ ਹੈ।

## 13. ਜੇ ਮੈਂ ਆਪਣੀ ਸ਼ਿਕਾਇਤ ਵਾਪਸ ਲੈਣੀ ਚਾਹਾਂ ਤਾਂ ਕੀ ਹੋਵੇਗਾ?

ਕਦੇ ਕਦੇ ਸ਼ਿਕਾਇਤਕਰਤਾ ਪੜਤਾਲ ਦੇ ਸ਼ੁਰੂ ਹੋ ਜਾਣ ਤੋਂ ਬਾਅਦ ਆਪਣੀ ਸ਼ਿਕਾਇਤ ਵਾਪਸ ਲੈਣ ਲਈ ਕਹਿੰਦੇ ਹਨ। **ਸੀ ਡੀ ਐੱਸ ਬੀ ਸੀ** ਦਾ ਆਦੇਸ਼ ਕਿਉਂਕਿ ਲੋਕਾਂ ਦੀ ਰੱਖਿਆ ਕਰਨਾ ਹੈ, ਇਹ ਆਮ ਤੌਰ `ਤੇ ਸੰਭਵ ਨਹੀਂ ਹੈ ਜੇ **ਸ਼ਿਕਾਇਤਕਰਤਾ ਵਲੋਂ ਸ਼ਿਕਾਇਤ** ਵਿਚ ਉਠਾਏ ਗਏ ਸਾਰੇ ਮਸਲਿਆਂ ਦਾ ਹੱਲ ਨਹੀਂ ਹੋ ਜਾਂਦਾ। **ਸੀ ਡੀ ਐੱਸ ਬੀ ਸੀ** ਸ਼ਿਕਾਇਤਾਂ ਨੂੰ ਲੋਕਾਂ ਲਈ ਮਹੱਤਵ ਰੱਖਣ ਵਾਲੇ ਮਾਮਲਿਆਂ ਵਜੋਂ ਦੇਖਦਾ ਹੈ ਅਤੇ ਆਮ ਤੌਰ `ਤੇ ਹਰ ਸ਼ਿਕਾਇਤ ਦੇ ਮੁਕੰਮਲ ਹੋਣ ਤੱਕ ਪੜਤਾਲ ਕਰਦਾ ਹੈ।

## 14. ਫੈਸਲਾ ਹੋਣ ਤੋਂ ਬਾਅਦ ਕੀ ਹੁੰਦਾ ਹੈ?

ਇਨਕੁਆਰੀ ਕਮੇਟੀ ਦੇ ਫੈਸਲੇ ਤੋਂ ਬਾਅਦ 30 ਦਿਨਾਂ ਦੇ ਵਿਚ ਵਿਚ, ਤੁਹਾਨੂੰ ਇਕ ਚਿੱਠੀ ਮਿਲੇਗੀ ਜਿਸ ਵਿਚ ਪੜਤਾਲ ਦਾ ਸੰਖੇਪ ਅਤੇ ਫੈਸਲਾ ਲਿਖਿਆ ਹੋਵੇਗਾ।

## 15. ਜੇ ਮੈਂ ਸੀ ਡੀ ਐੱਸ ਬੀ ਸੀ ਦੇ ਫੈਸਲੇ ਨਾਲ ਸੰਤੁਸ਼ਟ ਨਾ ਹੋਵਾਂ ਤਾਂ ਕੀ ਹੋਵੇਗਾ?

ਜੇ ਤੁਸੀਂ ਆਪਣੀ ਸ਼ਿਕਾਇਤ ਦੇ ਨਤੀਜੇ ਬਾਰੇ ਫਿਕਰਮੰਦ ਹੋਵੋ ਤਾਂ ਤੁਸੀਂ ਹੈਲਥ ਪ੍ਰੋਫੈਸ਼ਨਜ਼ ਰਿਵੀਊ ਬੋਰਡ (ਐੱਚ ਪੀ ਆਰ ਬੀ) ਕੋਲ ਰਿਵੀਊ ਲਈ ਅਪਲਾਈ ਕਰ ਸਕਦੇ ਹੋ। ਐੱਚ ਪੀ ਆਰ ਬੀ, ਰਜਿਸਟਰੈਂਟ ਨੂੰ ਅਨੁਸਾਸ਼ਤ ਕਰਨ ਲਈ **ਸੀ ਡੀ ਐੱਸ ਬੀ ਸੀ** ਨੂੰ ਹੁਕਮ ਨਹੀਂ ਦੇ ਸਕਦਾ, ਜਾਂ ਕਿਸੇ ਤੋਂ ਇਹ ਮੰਗ ਨਹੀਂ ਕਰ ਸਕਦਾ ਕਿ ਉਹ ਤੁਹਾਨੂੰ ਪੈਸੇ ਦੇਵੇ। ਐੱਚ ਪੀ ਆਰ ਬੀ ਦਾ ਰਿਵੀਊ ਇਹ ਦੇਖਦਾ ਹੈ ਕਿ ਕੀ **ਸੀ ਡੀ ਐੱਸ ਬੀ ਸੀ** ਦੀ ਸ਼ਿਕਾਇਤ ਦੀ ਪੜਤਾਲ ਸਹੀ ਸੀ, ਅਤੇ ਕੀ ਇਸ ਦਾ ਫੈਸਲਾ ਵਾਜਬ ਸੀ।